15/5/2023

15 Page attached

# ਰਾਜ ਵਿਦਿਅਕ ਖ਼ੋਜ ਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਐਸ.ਏ.ਐਸ.ਨਗਰ, ਮੋਹਾਲੀ,
ਈਮੇਲ: directorscert@punjabeducation.gov.in, ਫੋਨ ਨੰ: 0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ),
ਸਮੂਹ ਸਕੂਲ ਮੁਖੀ,
ਪੰਜਾਬ।

ਮੀਮੋ ਨੰ: SCERT/SCI/2023-24/2023131662/e-499895
ਮਿਤੀ: 12.05.2023-SASNAGAR

**ਵਿਸ਼ਾ:** Mission LiFE (Lifestyle For Environment) ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਸੰਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਕਤ ਵਿਸ਼ੇ ਦੇ ਸੰਬੰਧ ਵਿੱਚ Government of India Ministry of Education Department of School Education & Literacy ਤੋਂ ਪੱਤਰ ਨੰ. D.O. No. 17-65/2022-UT.1-Part(.1) Dated 05th May, 2023 ਅਤੇ D.O. No. 17-65/2022-UT.1-(INS.5) Dated 08th May, 2023 ਪ੍ਰਾਪਤ ਹੋਇਆ ਹੈ ਜਿਸ ਵਿੱਚ ਉਹਨਾਂ ਵੱਲੋਂ ਵਿਸ਼ਵਵਿਆਪੀ ਮੁਹਿੰਮ Mission LiFE (Lifestyle For Environment) ਅੰਤਰਗਤ ਵਿਦਿਆਰਥੀਆਂ ਨੂੰ ਵਾਤਾਵਰਨ ਪ੍ਰਤੀ ਸੰਵੇਦਨਸ਼ੀਲ ਕਰਨ ਅਤੇ ਵਿਸ਼ਵ ਵਾਤਾਵਰਣ ਦਿਵਸ 5 ਜੂਨ, 2023 ਵਿੱਚ 'ਜਨ ਭਾਗੀਦਾਰੀ' ਨੂੰ ਯਕੀਨੀ ਬਣਾਉਣ ਅਤੇ ਪੰਜਾਬ ਸਰਕਾਰ ਦੇ ਅਧੀਨ ਆਉਂਦੇ ਸਕੂਲਾਂ ਦੇ ਈਕੋ ਕਲੱਬਾਂ ਰਾਹੀਂ ਸਕੂਲਾਂ ਅੰਦਰ ਵੱਖ-ਵੱਖ ਗਤੀਵਿਧੀਆਂ ਕਰਵਾਉਣ ਲਈ ਕਿਹਾ ਗਿਆ ਹੈ (ਪੱਤਰ ਨੱਥੀ ਹੈ) ।

3.0 ਇਹਨਾਂ ਗਤੀਵਿਧੀਆਂ ਦਾ ਉਦੇਸ਼ ਵਾਤਾਵਰਨ ਦੇ ਸਰੋਤਾਂ ਦੀ ਵਿਨਾਸ਼ਕਾਰੀ ਅਤੇ ਬੇਸਮਝ ਖਪਤ ਤੋਂ ਹੱਟ ਕੇ ਸੁਚੇਤ ਅਤੇ ਸੁਚੱਜੀ ਵਰਤੋਂ ਦੀ ਸਮਝ ਵਿਕਸਤ ਕਰਨਾ ਹੈ। ਇਸ ਤੋਂ ਇਲਾਵਾ ਇਸ ਦਾ ਉਦੇਸ਼ ਵਿਦਿਆਰਥੀਆਂ ਨੂੰ ਉਹਨਾਂ ਦੇ ਵਿਵਹਾਰ ਰਾਹੀਂ ਵਾਤਾਵਰਨ ਤੇ ਪੈਣ ਵਾਲੇ ਪ੍ਰਭਾਵਾਂ ਪ੍ਰਤੀ ਸੰਵੇਦਨਸ਼ੀਲ ਕਰਨਾ ਹੈ।

4.0 Mission LiFE ਸੰਬੰਧੀ ਵਿਸ਼ਵ ਵਾਤਾਵਰਨ ਦਿਵਸ 5 ਜੂਨ 2023 ਨੂੰ UNICEF and YuWaah ਰਾਹੀਂ ਸਕੂਲੀ ਵਿਦਿਆਰਥੀਆਂ ( ਉਮਰ 13 ਸਾਲ ਤੋਂ ਵੱਧ ) ਲਈ 7 ਥੀਮਾਂ ਉੱਤੇ ਅਧਾਰਿਤ Pro-Climate Action ਸੰਬੰਧੀ ਡਿਜੀਟਲ ਮੁੰਹਿਮ ਚਲਾ ਰਿਹਾ ਹੈ। ਉਕਤ ਸਬੰਧੀ ਵੱਖ-ਵੱਖ ਗਤੀਵਿਧੀਆਂ ਦੀ ਰੂਪ ਰੇਖਾ ਦਾ Appendix ਨਾਲ ਨੱਥੀ ਹੈ।

5.0 ਮਿਸ਼ਨ LiFE ਸਬੰਧੀ ਮਿਡਲ, ਸੈਕੰਡਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਕੂਲੀ ਪੱਧਰ ਤੇ ਕਰਵਾਈਆਂ ਜਾਣ ਵਾਲੀਆਂ ਤਜਵੀਜਤ ਗਤੀਵਿਧੀਆਂ ਦੀ ਲਿਸਟ ਨਾਲ ਨੱਥੀ ਹੈ ਅਤੇ http://missionlife-moefcc.nic.in/ ਲਿੰਕ ਤੇ ਵੀ ਉਪਲਬਧ ਹਨ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ- ਫ-6/2023/545 ਮਿਤੀ 15/5/23

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਪੱਤਰ ਵਿਚ ਦਿੱਤੀਆਂ ਹਿਦਾਇਤਾਂ ਅਨੁਸਾਰ ਗਤੀਵਿਧੀਆਂ ਕਰਵਾਉਣੀਆਂ ਯਕੀਨੀ ਬਣਾਈਆਂ ਜਾਣ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ
15/5/23

6.0 ਇਹਨਾਂ ਗਤੀਵਿਧੀਆਂ ਨੂੰ ਨੱਥੀ ਕਲੰਡਰ ਅਨੁਸਾਰ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ।

7.0 ਇਹ ਗਤੀਵਿਧੀਆਂ ਕਰਵਾਉਣ ਉਪਰੰਤ ਇਸ ਦੀ ਰਿਪੋਰਟ ਭਾਰਤ ਸਰਕਾਰ ਨੂੰ ਕਰਨ ਲਈ ਹਰੇਕ ਗਤੀਵਿਧੀ ਦੀ ਕੈਪਸ਼ਨ ਸਮੇਤ ਵੇਰਵੇ ਨਾਲ 5 ਫੋਟੋਆਂ ਅਤੇ 3 ਵੀਡੀਓ (ਪ੍ਰਤੀ ਵੀਡੀਓ 45 ਸਕਿੰਟ ਦੀ ਅਧਿਕਤਮ ਮਿਆਦ ਤੱਕ) ਵੈੱਬਸਾਈਟ https://www.meilife.org 'ਤੇ ਤਰਜੀਹੀ ਤੌਰ ਤੇ **ਸਕੂਲ ਮੁਖੀ** ਵੱਲੋਂ ਉਸੇ ਦਿਨ ਜਾਂ 2 ਦਿਨਾਂ ਦੇ ਅੰਦਰ ਅਪਲੋਡ ਕਰਨੀਆਂ ਯਕੀਨੀ ਬਣਾਇਆ ਜਾਵੇ। ਈਕੋ ਕਲੱਬਾਂ ਰਾਹੀਂ ਕਰਵਾਈਆਂ ਵੱਖ-ਵੱਖ ਗਤੀਵਿਧੀਆਂ ਨੂੰ ਕਰਨ ਉਪਰੰਤ Acton Report ਨੂੰ email id missionlifeins.5@gmail.com ਤੇ ਵੀ ਭੇਜਣ ਯਕੀਨੀ ਬਣਾਇਆ ਜਾਵੇ।

8.0 ਉਕਤ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਮੋਨੀਟਰਿੰਗ ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ ਅਤੇ ਐ.ਸਿੱ) ਦੀ ਡਿਊਟੀ ਨੋਡਲ ਅਫਸਰ ਦੇ ਤੌਰ ਤੇ ਲਗਾਈ ਜਾਂਦੀ ਹੈ।

9.0 ਸਕੂਲ ਮੁਖੀ ਆਪਣੇ ਬਲਾਕ ਦੇ BM ਸਾਇੰਸ ਨੂੰ ਸਕੂਲ ਵਿੱਚ ਕਰਵਾਈਆਂ ਗਈਆਂ ਵਧੀਆਂ ਗਤਵਿਧੀਆਂ ਦੀਆਂ ਫੋਟੋਆਂ ਅਤੇ ਵੀਡੀਓ ਭੇਜਣਗੇ ਅਤੇ DM ਸਾਇੰਸ ਜ਼ਿਲ੍ਹੇ ਦੀਆਂ ਚੋਣਵੀਆਂ ਫੋਟੋਆਂ ਅਤੇ ਵੀਡੀਓ ਈ.ਮੇਲ ਰਾਹੀਂ ppppscience2022@punjabeducation.gov.in ਤੇ ਭੇਜਣਗੇ ।

10.0 ਆਪ ਜੀ ਵੱਲੋਂ ਆਪਣੇ ਜ਼ਿਲ੍ਹੇ ਵਿੱਚ ਪੜ੍ਹਦੇ ਵਿਦਿਆਰਥੀਆਂ ਦਾ ਇਸ ਪ੍ਰੋਗਰਾਮ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਯਕੀਨੀ ਬਣਾਇਆ ਜਾਵੇ ।

ਡਾਇਰੈਕਟਰ
**ਰਾਜ ਵਿੱਦਿਅਕ ਖੋਜ਼ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ।**

ਪਿੱਠ ਅੰਕਣ ਨੰਬਰ: ਉੱਕਤ

ਮਿਤੀ: 12.05.2023

ਸਹਾਇਕ ਡਾਇਰੈਕਟਰ
**ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ।**

## ਐਕਟੀਵਿਟੀ ਕੈਲੰਡਰ :

| ਗਤੀਵਿਧੀ ਨੰਬਰ | ਮਿਤੀ | ਕਰਵਾਈ ਜਾਣ ਵਾਲੀ ਗਤੀਵਿਧੀ ਦਾ ਵੇਰਵਾ | ਨਿਰਧਾਰਿਤ ਸਮਾਂ | ਵਿਸ਼ੇਸ਼ ਕਥਨ/ ਵਿਸ਼ੇ | ਪੋਰਟਲ 'ਤੇ ਰਿਪੋਰਟ ਅਪਲੋਡ ਕਰਨ ਦਾ ਸਮਾਂ |
|---|---|---|---|---|---|
| ਗਤੀਵਿਧੀ 1 | 16.05.2023 ਤੋਂ 31.05.2023 ਤੱਕ | ਵਚਨ/ ਪਲੇਜ ਲੈਣਾ | ਅਸੈਂਬਲੀ ਦੌਰਾਨ | ਸਮੂਹ ਵਿਦਿਆਰਥੀ ਅਤੇ ਅਧਿਆਪਕਾਂ ਵਲੋਂ ਹਿਧ/ ਪਲੈਜ ਲਈ ਜਾਣੀ ਹੈ | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 2 | 16.05.2023 (ਮੰਗਲਵਾਰ) | ਵਾਤਾਵਰਣ ਸਬੰਧੀ ਕੁਇਜ਼ | ਅਸੈਂਬਲੀ ਦੌਰਾਨ | (ਨੱਥੀ ਲਿਸਟ ਸੁਝਾਈ ਗਈ ਹੈ) | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 3 | 18.05.2023 (ਵੀਰਵਾਰ) | ਪੇਂਟਿੰਗ ਮੁਕਾਬਲਾ | ਇੱਕ ਘੰਟਾ (ਅੱਧੀ ਛੁੱਟੀ ਤੋਂ ਬਾਅਦ) | 1.ਸਿੰਗਲ ਯੂਜ਼ ਪਲਾਸਟਿਕ<br>2. ਪਾਣੀ ਬਚਾਓ<br>3. ਵਾਤਾਵਰਣ ਬਚਾਓ<br>4. ਮਿਸ਼ਨ LIFE | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 4 | 20.05.2023 (ਸ਼ਨੀਵਾਰ) | ਪੌਦੇ ਲਗਾਉਣ ਦੀ ਮੁਹਿੰਮ ਲਈ ਭਾਈਚਾਰਕ ਸ਼ਮੂਲੀਅਤ (ਮਾਪਿਆਂ ਅਤੇ ਭਾਈਚਾਰੇ ਦੇ ਮੈਂਬਰਜ਼ ਲਈ) | ਸਕੂਲ ਸਮੇਂ ਦੌਰਾਨ (ਇੱਕ ਘੰਟਾ) | ਵਿਦਿਆਰਥੀ/ ਮਾਪਿਆਂ ਨੂੰ ਉਚਿਤ ਥਾਵਾਂ 'ਤੇ ਪੌਦੇ ਲਗਾਉਣ ਲਈ ਪ੍ਰੇਰਿਤ ਕਰਨਾ | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ। |
| ਗਤੀਵਿਧੀ 5 | 22.05.2023 (ਸੋਮਵਾਰ) | ਨਾਟਕ/ ਸਕਿਟ/ ਰੋਲ ਪਲੇ/ | 7-10 ਮਿੰਟ (ਸਵੇਰ ਦੀ ਸਭਾ ਦੌਰਾਨ) | 1. ਊਰਜਾ ਬਚਾਓ<br>2. ਪਾਣੀ ਬਚਾਓ<br>3. ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਘਟਾਉਣਾ<br>4.ਕੰਮਿਊਨਿਟੀ ਦੁਆਰਾ ਸਿਹਤਮੰਦ ਜੀਵਨਸ਼ੈਲੀ ਦਾ ਵਾਅਦਾ | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 6 | 24.05.2023 (ਬੁੱਧਵਾਰ) | ਪਲਾਸਟਿਕ ਦੀ ਵਰਤੋਂ ਘਟਾਉਣ ਲਈ ਸਾਈਕਲ ਰੈਲੀ/ ਰੈਲੀ | ਇੱਕ ਘੰਟਾ (ਸਕੂਲ ਸੁਵਿਧਾ ਅਨੁਸਾਰ) | ਸਕੂਲ ਸਮੇਂ ਦੌਰਾਨ (ਸਕੂਲ ਦੀ ਮਰਜ਼ੀ ਅਨੁਸਾਰ ਸਮੇਂ ਦੀ ਚੋਣ ਕੀਤੀ ਜਾ ਸਕਦੀ ਹੈ) | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 7 | 26.05.2023 (ਸ਼ੁੱਕਰਵਾਰ) | ਇਲਾਕੇ ਵਿੱਚ ਸਫਾਈ ਮੁਹਿੰਮ | ਦੋ ਘੰਟੇ (ਸਕੂਲ ਸੁਵਿਧਾ ਅਨੁਸਾਰ) | ਨਜ਼ਦੀਕੀ ਪਾਰਕ/ ਸਥਾਨ ਦੀ ਚੋਣ ਕੀਤੀ ਜਾ ਸਕਦੀ ਹੈ | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |
| ਗਤੀਵਿਧੀ 8 | 29.05.2023 (ਸੋਮਵਾਰ) | ਊਰਜਾ ਸੁਰੱਖਿਅਣ, ਪਾਣੀ ਸੁਰੱਖਿਅਣ, ਕੂੜੇ ਕਰਕਟ ਨੂੰ ਘੱਟ ਕਰਨ ਸਬੰਧੀ ਭਾਸ਼ਣ ਪ੍ਰਤੀਯੋਗਿਤਾ | ਸਮਾਂ: 4-5 ਮਿੰਟ/ ਵਿਦਿਆਰਥੀ (ਸਵੇਰ ਦੀ ਸਭਾ ਦੌਰਾਨ) | 1. ਊਰਜਾ ਬਚਾਓ<br>2. ਪਾਣੀ ਬਚਾਓ<br>3. ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨੂੰ ਘਟਾਉਣਾ<br>4.ਕੰਮਿਊਨਿਟੀ ਦੁਆਰਾ ਸਿਹਤਮੰਦ ਜੀਵਨਸ਼ੈਲੀ ਦਾ ਵਾਅਦਾ | ਗਤੀਵਿਧੀ ਕਰਵਾਉਣ ਉਪਰੰਤ ਡਾਟਾ ਉਸੇ ਦਿਨ ਹੀ ਸ਼ਾਮ ਤੱਕ ਅਪਲੋਡ ਕਰ ਦਿੱਤਾ ਜਾਵੇ |

ਵਿਸ਼ੇਸ਼ ਹਦਾਇਤਾਂ:

1. ਵਾਤਾਵਰਣ ਪੱਖੀ ਸਲੋਗਨ ਸਕੂਲ ਦੀ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤੇ ਜਾ ਸਕਦੇ ਹਨ।
2. ਇਸ ਵਾਤਾਵਰਣ ਪੱਖੀ ਮੁਹਿੰਮ ਦੌਰਾਨ ਭਾਈਚਾਰੇ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।
3. ਹਰੇਕ ਗਤੀਵਿਧੀ ਲਈ ਮਿਸ਼ਨ LiFE ਦੇ ਲੋਗੋ ਦੀ ਵਰਤੋਂ ਕੀਤੀ ਜਾਵੇ।
4. ਮੁਹਿੰਮ ਦੀ ਸਫਲਤਾ ਲਈ ਸੋਸ਼ਲ ਮੀਡੀਆ ਤੇ ਵੀ ਇਨ੍ਹਾਂ ਵਾਤਾਵਰਣੀ ਪੱਖੀ ਗਤੀਵਿਧੀਆਂ ਦਾ ਪ੍ਰਚਾਰ ਪ੍ਰਸਾਰ ਸੁਨਿਸ਼ਚਿਤ ਕੀਤਾ ਜਾਵੇ।
5. ਹਰੇਕ ਗਤੀਵਿਧੀ ਉਪਰੰਤ ਦਿੱਤੀ ਗਈ ਵੈਬਸਾਈਟ 'ਤੇ ਫੋਟੋ ਅਤੇ ਵੀਡੀਓ ਨਿਰਧਾਰਿਤ ਫਾਰਮੇਟ ਵਿੱਚ ਅਪਲੋਡ ਕਰਨੀ ਯਕੀਨੀ ਬਣਾਈ ਜਾਵੇ।
6. ਸਕੂਲ ਦੇ ਈਕੋ ਕਲੱਬ ਇੰਚਾਰਜ ਵਲੋਂ ਗਤੀਵਿਧੀ ਉਪਰੰਤ ਐਕਸ਼ਨ ਟੇਕਨ ਰਿਪੋਰਟ ਸੰਬੰਧਤ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇ।
7. ਸਕੂਲਾਂ ਨੂੰ ਪਲਾਸਟਿਕ ਮੁਕਤ ਬਣਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾਣ।

Scanned with OKEN Scanner